# ਪੰਜਾਬ ਵਿਧਾਨ ਸਭਾ ਸਕੱਤਰੇਤ

## ਸ਼ੁੱਕਰਵਾਰ, ਮਿਤੀ 10 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਜਿਲ੍ਹਾ ਤਰਨਤਾਰਨ ਦੇ ਸਰਕਾਰੀ ਦਫਤਰ ਹੋਰ ਬਿਲਡਿੰਗ ਵਿੱਚ ਚਲਾਉਣ ਦੇ ਵੇਰਵੇ

114. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਤਰਨਤਾਰਨ ਵਿੱਚ ਕਿੰਨੇ ਖੇਤੀਬਾੜੀ ਦਫਤਰ ਸਰਕਾਰੀ ਬਿਲਡਿੰਗ ਵਿੱਚ ਅਤੇ ਕਿੰਨੇ ਦਫਤਰ ਨਿੱਜੀ ਬਿਲਡਿੰਗਾਂ ਵਿੱਚ ਚਲ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

### ਐਮ.ਐਲ.ਏ. ਸਾਹਿਬਾਨਾਂ ਲਈ ਸਰਕਾਰੀ ਦਫਤਰ ਬਣਾਉਣਾ

115. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਐਮ.ਐਲ.ਏਜ਼. ਲਈ ਸਰਕਾਰੀ ਦਫਤਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਇਸ ਦਾ ਉੱਤਰ ਹਾਂ ਵਿੱਚ ਹੈ ਤਾਂ ਇਹ ਦਫਤਰ ਕਦੋਂ ਤੱਕ ਬਣਾ ਦਿੱਤੇ ਜਾਣਗੇ?

### ਹਲਕਾ ਸ਼ੁਤਰਾਣਾ ਵਿਖੇ ਟਰਾਮਾ ਸੈਂਟਰ ਬਣਾਉਣਾ

126. **ਸਰਦਾਰ ਕੁਲਵੰਤ ਸਿੰਘ ਬਾਜੀਗਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿਖੇ ਟਰਾਮਾ ਸੈਂਟਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਹਲਕਾ ਸ਼ੁਤਰਾਣਾ ਵਿਖੇ B.ED/ETT ਕਾਲਜ ਖੋਲ੍ਹਣਾ

127. **ਸਰਦਾਰ ਕੁਲਵੰਤ ਸਿੰਘ ਬਾਜੀਗਰ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿਖੇ ਕੋਈ B.ED ਜਾਂ ETT ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### 1 ਅਪ੍ਰੈਲ 2022 ਤੋਂ ਹੁਣ ਤੱਕ ਰਜਿਸਟਰਡ ਹੋਏ ਸਰਕਾਰੀ ਅਤੇ ਪ੍ਰਾਈਵੇਟ ਵਹੀਕਲਾਂ ਦੇ ਵੇਰਵੇ

129. 1. **ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਐਮ.ਐਲ.ਏ.)**
 2. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.):–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਮਿਤੀ 1/4/2022 ਤੋਂ ਲੈ ਕੇ ਹੁਣ ਤੱਕ ਰਾਜ ਵਿੱਚ ਕੁੱਲ ਕਿੰਨੇ ਸਰਕਾਰੀ ਅਤੇ ਪ੍ਰਾਈਵੇਟ ਵਹੀਕਲ ਰਜਿਸਟਰਡ ਹੋਏ ਹਨ, ਦੇ ਕੈਟਾਗਰੀ ਵਾਈਜ ਵੇਰਵੇ ਕੀ ਹਨ;

ਅ) ਕੀ ਰਜਿਸਟਰਡ ਹੋਏ ਵਹੀਕਲਾਂ ਦੇ ਮਾਲਕਾਂ ਨੂੰ ਆਰ.ਸੀਜ਼ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਨ ਜਾਂ ਨਹੀਂ; ਵੇਰਵੇ ਸਹਿਤ ਦੱਸਿਆ ਜਾਵੇ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਨਾਂਹ ਵਿੱਚ ਹੋਵੇ ਤਾਂ ਇਸ ਦੇ ਕਾਰਨ ਕੀ ਹਨ; ਵੇਰਵੇ ਸਹਿਤ ਦੱਸਿਆ ਜਾਵੇ?

### ਪਿੰਡਾਂ ਅਤੇ ਕਲੋਨੀਆਂ ਦੇ ਸੀਵਰ ਦੀ ਸਾਫ ਸਫਾਈ ਲਈ ਮਸ਼ੀਨਾਂ ਉਪਲੱਬਧ ਕਰਵਾਉਣ ਸਬੰਧੀ

132. **ਸਰਦਾਰ ਜੀਵਨ ਸਿੰਘ ਸੰਗੋਵਾਲ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਹਲਕਾ ਲੁਧਿਆਣਾ ਦੇ ਪਿੰਡਾਂ ਅਤੇ ਇਨ੍ਹਾਂ ਨਾਲ ਲਗਦੀਆਂ ਕਲੋਨੀਆਂ ਦੀਆਂ ਪੰਚਾਇਤਾਂ ਵਿੱਚ ਜੋ ਸੀਵਰ ਪਏ ਹਨ, ਉਨ੍ਹਾਂ ਦੀ ਸਾਫ ਸਫਾਈ ਲਈ ਮਿਉਂਸੀਪਲ ਕਾਰਪੋਰੇਸ਼ਨ, ਲੁਧਿਆਣਾ ਮਸ਼ੀਨਾਂ ਉਪਲੱਬਧ ਨਹੀਂ ਕਰਵਾਉਂਦਾ ਕਿਉਂਕਿ ਇਹ ਪਿੰਡ ਅਤੇ ਕਲੋਨੀਆਂ ਕਾਰਪੋਰੇਸ਼ਨ ਦੀ ਹੱਦ ਤੋਂ ਬਾਹਰ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸੀਵਰ ਦੀ ਸਾਫ ਸਫਾਈ ਲਈ ਬਲਾਕ ਡੇਹਲੋਂ ਤੇ ਬਲਾਕ ਲੁਧਿਆਣਾ–1 ਨੂੰ ਸਫਾਈ ਵਾਲੀਆਂ ਮਸ਼ੀਨਾਂ ਉਪਲੱਬਧ ਕਰਵਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਰਾਸ਼ਨ ਡੀਪੂਆਂ ਤੇ E-Pos Machines ਦਾ ਪ੍ਰਬੰਧ ਕਰਨਾ

133. **ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਰਾਸ਼ਨ ਡੀਪੂਆਂ ਤੇ E-Pos Machines ਦੀ ਬਹੁਤ ਘਾਟ ਹੈ, ਜਿਸ ਕਾਰਨ ਲੋਕਾਂ ਨੂੰ ਰਾਸ਼ਨ ਮਿਲਣ ਵਿੱਚ ਦੇਰੀ ਹੁੰਦੀ ਹੈ;

ਅ) ਜੇਕਰ ਅਜਿਹਾ ਹੈ ਤਾਂ ਸਰਕਾਰ ਕਦੋਂ ਤੱਕ ਰਾਸ਼ਨ ਡੀਪੂਆਂ ਤੇ E-Pos Machines ਦਾ ਪ੍ਰਬੰਧ ਕਰ ਦੇਵੇਗੀ?

### ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਤੇ ਬਣੇ ਪੁੱਲ ਨੂੰ ਚੌੜਾ ਕਰਨਾ

134. **ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਵਿੱਚ ਫਰੀਦਕੋਟ–ਕੋਟਕਪੂਰਾ ਰੋਡ ਉੱਪਰ ਅਤੇ ਤਲਵੰਡੀ–ਫਰੀਦਕੋਟ ਰੋਡ ਉੱਪਰ ਦਸ਼ਮੇਸ਼ ਸਕੂਲ ਕੋਲ ਦੋ ਵੱਡੀਆਂ ਨਹਿਰਾਂ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਕਰਾਸ ਕਰਦੀਆਂ ਹਨ; ਜਿੰਨ੍ਹਾਂ ਉੱਪਰ ਬਣੇ ਪੁੱਲ ਬਹੁਤ ਤੰਗ (ਨੈਰੋ) ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹਨਾਂ ਪੁੱਲਾਂ ਨੂੰ ਕਦੋਂ ਤੱਕ ਚੌੜਾ ਕਰਵਾ ਦੇਵੇਗੀ?

### ਪੰਚਾਇਤੀ ਜਮੀਨ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਪਟੇ ਤੇ ਦੇਣ ਦੇ ਵੇਰਵੇ

135. **ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਜਾਬ ਦੀ ਪੰਚਾਇਤੀ ਜਮੀਨ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਕਿੰਨੀ ਅਤੇ ਕਿੰਨੇ ਸਾਲਾਂ ਲਈ ਪਟੇ ਤੇ ਕਿਹੜੇ–ਕਿਹੜੇ ਮੰਤਵ ਲਈ ਦਿੱਤੀ ਗਈ ਹੈ; ਇਨ੍ਹਾਂ ਦੀ ਜਾਣਕਾਰੀ ਪਿੰਡ ਵਾਈਜ਼ ਦਿੱਤੀ ਜਾਵੇ ਅਤੇ ਪੰਚਾਇਤ ਵਾਈਜ਼ ਆਮਦਨ ਦੱਸੀ ਜਾਵੇ;

ਅ) ਕੀ ਕਦੇ ਵਿਭਾਗ ਨੇ ਚੈੱਕ ਕੀਤਾ ਹੈ ਕਿ ਜਿਸ ਮੰਤਵ ਲਈ ਜਮੀਨ ਦਿੱਤੀ ਗਈ ਸੀ, ਉਸੇ ਲਈ ਵਰਤੀ ਗਈ ਜਾਂ ਫਿਰ ਕੋਈ ਹੋਰ ਕੰਮ ਚੱਲ ਰਿਹਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

### ਸਾਲ 2007 ਤੋਂ 2022 ਤੱਕ ਸਾਰੇ ਕੋਟਿਆਂ ਵਿੱਚ ਵੰਡੀਆਂ ਗਈਆਂ ਗ੍ਰਾਂਟਾਂ ਦੇ ਵੇਰਵੇ

136. **ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਲੰਬੀ, ਜਲਾਲਾਬਾਦ, ਪਟਿਆਲਾ ਸ਼ਹਿਰੀ, ਮਜੀਠਾ, ਚਮਕੌਰ ਸਾਹਿਬ, ਬਠਿੰਡਾ ਸ਼ਹਿਰੀ ਹਲਕਿਆਂ ਵਿੱਚ ਸਾਲ 2007 ਤੋਂ ਲੈ ਕੇ ਸਾਲ 2022 ਤੱਕ ਸਾਰੀਆਂ ਸਕੀਮਾਂ ਵਿੱਚੋਂ ਕਿੰਨੀ ਗ੍ਰਾਂਟ ਵੰਡੀ ਗਈ ਹੈ;

ਅ) ਕੀ ਇਸ ਗ੍ਰਾਂਟ ਦੀ ਸਹੀ ਵਰਤੋਂ ਹੋਈ ਹੈ; ਜੇਕਰ ਨਹੀਂ ਤਾਂ ਕੀ ਕੋਈ ਜਾਂਚ ਏਜੰਸੀ ਨੂੰ ਬਿਠਾਇਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

### ਜੇਲ੍ਹਾਂ ਵਿੱਚ ਸਜਾ ਮੁਕੰਮਲ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨਾ

138. **ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਦੀਆਂ ਜੇਲ੍ਹਾਂ ਅਤੇ ਦੇਸ਼ ਦੀਆਂ ਹੋਰਨਾਂ ਜੇਲ੍ਹਾਂ ਵਿੱਚ ਅਜਿਹੇ ਕੈਦੀ ਬੰਦ ਹਨ ਜਿਹਨਾਂ ਨੇ ਆਪਣੀਆਂ ਸਜਾਵਾਂ ਮੁਕੰਮਲ ਕਰ ਲਈਆਂ ਹਨ ਪਰੰਤੂ ਹੁਣ ਤੱਕ ਰਿਹਾਅ ਨਹੀਂ ਕੀਤੇ ਗਏ; ਜੇਕਰ ਹਾਂ ਤਾਂ ਇਹਨਾਂ ਕੈਦੀਆਂ ਨੂੰ ਰਿਹਾਅ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਇਹ ਕੈਦੀ ਕਦੋਂ ਤੱਕ ਰਿਹਾਅ ਕੀਤੇ ਜਾਣਗੇ?

### ਪਿੰਡਾਂ ਦੇ ਲਾਭਪਾਤਰੀਆਂ ਨੂੰ ਜਿਲ੍ਹਾ ਪ੍ਰੀਸ਼ਦਾਂ ਵੱਲੋਂ "ਪਸ਼ੂਆਂ ਲਈ ਸ਼ੈਡ" ਦੇਣਾ

140. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਬੁਢਲਾਡਾ ਦੇ ਕਿੰਨੇ ਪਿੰਡਾਂ ਦੇ ਲਾਭਪਾਤਰੀਆਂ ਨੂੰ ਜਿਲ੍ਹਾ ਪ੍ਰੀਸ਼ਦਾਂ ਵੱਲੋਂ "ਪਸ਼ੂਆਂ ਲਈ ਸ਼ੈਡ" ਦਿੱਤੇ ਗਏ ਸਨ;

ਅ) ਕੀ ਇਹਨਾਂ ਲਾਭਪਾਤਰੀਆਂ ਨੂੰ ਸ਼ੈਡ ਪਾਉਣ ਬਦਲੇ ਉਹਨਾਂ ਨੂੰ ਗ੍ਰਾਂਟ ਦੀ ਰਕਮ ਦੇ ਦਿੱਤੀ ਹੈ; ਜੇਕਰ ਨਹੀਂ ਤਾਂ ਵਿਭਾਗ ਕਦੋਂ ਤੱਕ ਸ਼ੈਡਾਂ ਦੀ ਗ੍ਰਾਂਟ ਦੇ ਦੇਵੇਗਾ;

ੲ) ਕੀ ਇਹ ਗ੍ਰਾਂਟ ਨਾ ਦੇਣ ਲਈ ਸਰਕਾਰ ਅਧਿਕਾਰੀਆਂ ਦੀ ਜਿੰਮੇਵਾਰੀ ਫਿਕਸ ਕਰੇਗੀ?

**ਪਰਤੋਂ ਜੀ.........**

**ਆਦਰਸ਼ ਸਕੂਲਾਂ ਦੇ ਅਧਿਆਪਕਾਂ ਦੀ ਤਨਖਾਹ ਸਬੰਧੀ**

141. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਆਦਰਸ਼ ਸਕੂਲਾਂ ਵਿੱਚ ਕੁੱਲ ਖਰਚ ਦਾ 70% ਸਰਕਾਰ ਵੱਲੋਂ ਦਿੱਤਾ ਜਾਂਦਾ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਆਦਰਸ਼ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹ ਪੂਰੀ ਅਤੇ ਨਿਯਮਾਂ ਅਨੁਸਾਰ ਨਹੀਂ ਦਿਤੀ ਜਾਂਦੀ ਅਤੇ ਦਸਤਖਤ ਵੱਧ ਤਨਖਾਹ ਦੇ ਕਰਵਾਏ ਜਾਂਦੇ ਹਨ ਅਤੇ ਫਿਰ ਉਹਨਾਂ ਤੋਂ ਕੁੱਝ ਰਕਮ ਵਾਪਸ ਲੈ ਲਈ ਜਾਂਦੀ ਹੈ: ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਦੀ ਪੜਤਾਲ ਕਰਵਾਏਗੀ ਅਤੇ ਅਧਿਆਪਕਾਂ ਨੂੰ ਬਣਦੀ ਤਨਖਾਹ ਦਿਵਾਏਗੀ?

**ਖੰਨਾ ਤੋਂ ਮਲੇਰਕੋਟਲਾ ਸੜਕ ਚੌੜੀ ਕਰਨਾ**

145. **ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਖੰਨਾ ਤੋਂ ਮਲੇਰਕੋਟਲਾ ਸੜਕ ਨੂੰ ਚੌੜਾ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਚੌੜੀ ਕਰ ਦਿੱਤੀ ਜਾਵੇਗੀ?

**ਪੰਜਾਬ ਵਿੱਚ ਬਲਦਾਂ ਦੀਆਂ ਖੇਡਾਂ ਨੂੰ ਮਨਜ਼ੂਰੀ ਦੇਣਾ**

146. **ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਘੋੜਿਆਂ ਦੀਆਂ ਖੇਡਾਂ ਨੂੰ ਕਾਨੂੰਨੀ ਮਨਜ਼ੂਰੀ ਦਿੱਤੀ ਜਾਂਦੀ ਹੈ ਪਰ ਬਲਦਾਂ ਦੀਆਂ ਖੇਡਾਂ ਸਰਕਾਰ ਵੱਲੋਂ ਗੈਰ-ਕਾਨੂੰਨੀ ਮੰਨੀਆਂ ਜਾਂਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਚੱਬੇਵਾਲ ਦੀ ਮਾਹਿਲਪੁਰ-ਜੇਜੋਂ ਦੀ ਸੜਕ ਬਣਾਉਣਾ**

150. **ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਚੱਬੇਵਾਲ ਦੀ ਮਹਿਲਪੁਰ-ਜੇਜੋਂ ਸੜਕ ਜੋ ਕਿ ਹੁਣ ਬਿਲਕੁਲ ਟੁੱਟ ਚੁੱਕੀ ਹੈ; ਕੀ ਇਸ ਨੂੰ ਬਣਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਚੱਬੇਵਾਲ ਵਿੱਚ ਪੀਣ ਵਾਲੇ ਪਾਣੀ ਦੇ ਟਿਊਬਵੈਲ ਲਗਾਉਣਾ**

151. **ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਸਰਕਾਰ ਵੱਲੋਂ ਹਲਕਾ ਚੱਬੇਵਾਲ ਵਿੱਚ ਕਿੰਨੇ ਨਵੇਂ ਪੀਣ ਦੇ ਪਾਣੀ ਦੇ ਟਿਊਬਵੈਲ ਲਗਾਉਣਾ ਵਿਚਾਰਾਧੀਨ ਹੈ ਅਤੇ ਇਨ੍ਹਾਂ ਵਿੱਚ ਪਾਣੀ ਸਪਲਾਈ ਕਰਨ ਦੀ ਪ੍ਰਕ੍ਰਿਆ ਕਦੋਂ ਸ਼ੁਰੂ ਹੋਵੇਗੀ;

**ਅ)** ਹਲਕਾ ਵਾਸੀ ਇਹਨਾਂ ਟਿਊਬਵੈਲਾਂ ਤੋਂ ਕਦੋਂ ਤੱਕ ਪਾਣੀ ਲੈ ਸਕਣਗੇ?

**ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਦੀਆਂ ਖਤਮ ਕੀਤੀਆਂ ਅਸਾਮੀਆਂ ਦੇ ਵੇਰਵੇ**

158. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਛਪਾਈ ਅਤੇ ਲਿਖਣ ਸਮੱਗਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਨੇ ਸਾਲ, 2017 ਤੋਂ ਜੂਨ, 2022 ਤੱਕ ਦਰਜਾ ਤਿੰਨ ਦੀਆਂ ਤਕਰੀਬਨ 757 ਅਤੇ ਦਰਜਾ ਚਾਰ ਦੀਆਂ ਤਕਰੀਬਨ 154 ਮਨਜ਼ੂਰਸ਼ੁਦਾ ਅਸਾਮੀਆਂ ਨੂੰ ਖ਼ਤਮ ਕਰ ਦਿੱਤਾ ਸੀ, ਜੇਕਰ ਹਾਂ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ;

**ਅ)** ਕੀ ਇਨ੍ਹਾਂ ਅਸਾਮੀਆਂ ਦੀ ਥਾਂ ਤੇ ਇਸੇ ਦਰਜੇ ਦੀਆਂ ਹੋਰ ਨਵੀਂਆਂ ਅਸਾਮੀਆਂ ਸਿਰਜ ਕੇ ਰੈਗੂਲਰ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਸਿਰ ਬਕਾਇਆ ਕਰਜੇ ਅਤੇ ਕਰਜਾ ਮੋੜਣ ਦੇ ਵੇਰਵੇ**

159. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਮਾਰਚ 2017 ਤੋਂ ਮਾਰਚ 2022 ਤੱਕ ਰਾਜ ਸਿਰ ਕੁੱਲ ਕਿੰਨਾ-ਕਿੰਨਾ ਕਰਜ਼ਾ ਸੀ ਅਤੇ ਅਪ੍ਰੈਲ, 2022 ਤੋਂ ਹੁਣ ਤੱਕ ਰਾਜ ਸਰਕਾਰ ਨੇ ਹੋਰ ਕਿੰਨਾ ਕਰਜਾ ਲਿਆ ਹੈ ਤੇ ਹੁਣ ਰਾਜ ਸਿਰ ਕੁੱਲ ਕਿੰਨਾ ਕਰਜ਼ਾ ਹੈ;

**ਅ)** ਰਾਜ ਸਰਕਾਰ ਵੱਲੋਂ ਵਿੱਤੀ ਸਾਲ 2022-23 ਦੌਰਾਨ ਕਿੰਨਾ ਕਰਜ਼ਾ ਮੋੜਨ ਦਾ ਟੀਚਾ ਮਿੱਥਿਆ ਸੀ ਤੇ ਹੁਣ ਤੱਕ ਕੁੱਲ ਕਿੰਨਾ ਕਰਜ਼ਾ ਮੋੜਿਆ ਗਿਆ ਹੈ, ਕੀ ਸਰਕਾਰ ਵੱਲੋਂ ਮੋੜਿਆ ਗਿਆ ਕਰਜ਼ਾ ਮਿੱਥੇ ਗਏ ਟੀਚੇ ਦੇ ਅਨੁਸਾਰ ਹੈ ਜਾਂ ਘੱਟ ਹੈ; ਜੇਕਰ ਟੀਚੇ ਤੋਂ ਘੱਟ ਕਰਜ਼ਾ ਮੋੜਿਆ ਗਿਆ ਹੈ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੀਆਂ ਖਤਮ ਕੀਤੀਆਂ ਅਸਾਮੀਆਂ ਦੇ ਵੇਰਵੇ**

160. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੇ ਸਾਲ, 2017 ਤੋਂ ਜੂਨ, 2022 ਤੱਕ ਦਰਜਾ ਤਿੰਨ ਦੀਆਂ ਤਕਰੀਬਨ 5367 ਅਤੇ ਦਰਜਾ ਚਾਰ ਦੀਆਂ ਤਕਰੀਬਨ 216 ਮਨਜ਼ੂਰਸ਼ੁਦਾ ਅਸਾਮੀਆਂ ਖ਼ਤਮ ਕਰ ਦਿੱਤੀਆਂ ਸਨ, ਜੇਕਰ ਹਾਂ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ;

**ਅ)** ਕੀ ਉਪਰੋਕਤ ਅਸਾਮੀਆਂ ਦੀ ਥਾਂ ਤੇ ਇਸੇ ਦਰਜੇ ਦੀਆਂ ਹੋਰ ਨਵੀਂਆਂ ਅਸਾਮੀਆਂ ਸਿਰਜ ਕੇ ਰੈਗੂਲਰ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਵਿੱਚ ਨਵੇਂ ਉਦਯੋਗ ਲਗਾਉਣ ਲਈ ਸਰਕਾਰ ਵੱਲੋਂ ਕੀਤੀ ਕਾਰਵਾਈ ਦੇ ਵੇਰਵੇ**

164. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਦੇਸ਼ ਅਤੇ ਵਿਦੇਸ਼ ਵਿੱਚੋਂ ਰਾਜ ਵਿੱਚ ਪੂੰਜੀ ਨਿਵੇਸ਼ ਖਿੱਚਣ, ਸੂਬੇ ਦੇ ਉਦਯੋਗ ਪਲਾਇਨ ਦੇ ਅਮਲ ਨੂੰ ਰੋਕਣ ਤੇ ਰਾਜ ਵਿੱਚ ਨਵੇਂ ਉਦਯੋਗ ਲਾਉਣ ਲਈ ਅਪ੍ਰੈਲ, 2022 ਤੋਂ ਹੁਣ ਤੱਕ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ;

**ਅ)** ਕਿੰਨੇ ਐਮ.ਓ.ਯੂ. ਸਾਇਨ ਕੀਤੇ ਹਨ, ਇਨ੍ਹਾਂ ਐਮ.ਓ.ਯੂਜ. ਦਾ ਮੌਜੂਦਾ ਸਟੇਟਸ ਕੀ ਹੈ ਅਤੇ ਕਿਹੜੇ-ਕਿਹੜੇ ਇੰਡਸਟਰਿਲਿਸਟਾਂ ਵੱਲੋਂ ਸੂਬੇ ਵਿੱਚ ਕਿੰਨੀ-ਕਿੰਨੀ ਇੰਨਵੈਸਟਮੈਂਟ ਕੀਤੀ ਗਈ ਅਤੇ ਇਸ ਦੇ ਨਤੀਜੇ ਵੱਜੋਂ ਰਾਜ ਵਿੱਚ ਕਿੰਨੀ ਇੰਮਪਲਾਈਮੈਂਟ ਜਨਰੇਟ ਹੋਈ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਵਿੱਚ ਨਵਾਂ ਲਾਅ ਕਾਲਜ ਸ਼ੁਰੂ ਕਰਨ ਦੀ ਆਗਿਆ ਦੇਣ ਵਾਲੀ ਸੰਸਥਾ**

166. **ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਨਵਾਂ ਲਾਅ ਕਾਲਜ ਸ਼ੁਰੂ ਕਰਨ ਲਈ ਆਗਿਆ ਕਿਹੜੀ ਅਥਾਰਟੀ ਜਾਂ ਸੰਸਥਾ ਦਿੰਦੀ ਹੈ?

**ਪੰਜਾਬ ਵਿੱਚ ਕਾਨੂੰਨ ਦੀ ਪੜਾਈ ਵਾਸਤੇ ਮਾਨਤਾ ਪ੍ਰਾਪਤ ਸਰਕਾਰੀ ਕਾਲਜ**

167. **ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਕਾਨੂੰਨ ਦੀ ਪੜਾਈ ਵਾਸਤੇ ਕਿਹੜੇ-ਕਿਹੜੇ ਸਰਕਾਰੀ ਮਾਨਤਾ ਪ੍ਰਾਪਤ ਕਾਲਜ ਅਤੇ ਕਿਹੜੇ-ਕਿਹੜੇ ਕਾਲਜ ਬਿਨ੍ਹਾਂ ਸਰਕਾਰੀ ਮਾਨਤਾ ਪ੍ਰਾਪਤ ਚਲ ਰਹੇ ਹਨ?

**ਰਾਜ ਦੇ ਸਰਕਾਰੀ ਅਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਵੇਰਵੇ**

176. **ਡਾ. ਨਛੱਤਰ ਪਾਲ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਰਾਜ ਵਿੱਚ ਕੁੱਲ ਕਿੰਨੇ ਸਰਕਾਰੀ ਅਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਹਨ ਅਤੇ ਸਰਕਾਰ ਵੱਲੋਂ ਚਲਾਏ ਜਾਂਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੁਡਾਉਣ ਦੇ ਇਲਾਜ ਲਈ ਕੀ ਵਿਧੀ ਅਪਣਾਈ ਜਾਂਦੀ ਹੈ ਅਤੇ ਕਿਹੜੀ-ਕਿਹੜੀ ਦਵਾਈ ਦਿੱਤੀ ਜਾਂਦੀ ਹੈ;

**ਅ)** ਅਪ੍ਰੈਲ, 2017 ਤੋਂ ਇਨ੍ਹਾਂ ਕੇਂਦਰਾਂ ਵਿੱਚ ਕਿੰਨੇ-ਕਿੰਨੇ ਨਸ਼ੇੜੀਆਂ ਦਾ ਇਲਾਜ ਕੀਤਾ ਗਿਆ ਅਤੇ ਇਨ੍ਹਾਂ ਵਿੱਚੋਂ ਕਿੰਨਿਆਂ ਦਾ ਨਸ਼ਾ ਛੁਡਾਇਆ ਗਿਆ ਹੈ; ਸਾਲਵਾਰ ਅਤੇ ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਪਰਤੋਂ ਜੀ........**

**ਸਾਲ 2022 ਤੋਂ ਹੁਣ ਤੱਕ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀਆਂ ਅਤੇ ਕਰਮਚਾਰੀਆ ਦੇ ਵੇਰਵੇ**

177. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2022 ਤੋਂ ਹੁਣ ਤੱਕ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚੋਂ ਕਿਸ-ਕਿਸ ਦਰਜੇ ਦੇ ਕਿੰਨੇ-ਕਿੰਨੇ ਅਧਿਕਾਰੀ ਤੇ ਕਰਮਚਾਰੀ ਸੇਵਾਮੁਕਤ ਹੋਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਾਲ 2022 ਤੋਂ ਹੁਣ ਤੱਕ ਗੈਂਗਸਟਰਾਂ ਅਤੇ ਅੱਤਵਾਦੀਆਂ ਵੱਲੋਂ ਸੁਰੱਖਿਆ ਕਰਮਚਾਰੀਆਂ ਅਤੇ ਲੋਕਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਦੇ ਵੇਰਵੇ**

178. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲ 2022 ਤੋਂ ਹੁਣ ਤੱਕ ਗੈਂਗਸਟਰਾਂ ਅਤੇ ਅੱਤਵਾਦੀਆਂ ਵੱਲੋਂ ਸੁਰੱਖਿਆ ਕਰਮਚਾਰੀਆਂ ਅਤੇ ਲੋਕਾਂ ਦਾ ਜੋ ਜਾਨੀ ਤੇ ਮਾਲੀ ਨੁਕਸਾਨ ਕੀਤਾ ਗਿਆ ਹੈ; ਕੀ ਸਰਕਾਰ ਵੱਲੋਂ ਅਜਿਹੇ ਕੇਸਾਂ ਵਿੱਚ ਪੀੜਤ ਪਰਿਵਾਰਾਂ ਦੀ ਕੋਈ ਮਾਲੀ ਮੱਦਦ ਕੀਤੀ ਗਈ ਹੈ ਅਤੇ ਕਿੰਨੇ ਪੀੜਤ ਪਰਿਵਾਰਾਂ ਦੇ ਕਿਸੇ ਇੱਕ ਜੀ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਹੈ; ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਨਾਭਾ ਵਿਖੇ ਨਵਾਂ ਇੰਡੋਰ ਸਟੇਡੀਅਮ ਬਣਾਉਣਾ**

190. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਨਾਭਾ ਵਿਖੇ ਨਵਾਂ ਇੰਡੋਰ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ;

**ਅ)** ਜੇਕਰ ਨਹੀਂ ਤਾਂ ਕੀ ਸਰਕਾਰ ਨਾਭਾ ਵਿਖੇ 1500-2000 ਦਰਸ਼ਕਾਂ ਦੀ ਕਪੈਸਿਟੀ ਵਾਲਾ ਨਵਾਂ ਇੰਡੋਰ ਸਟੇਡੀਅਮ ਬਣਾਉਣ ਲਈ ਕਿਸੇ ਤਜਵੀਜ ਤੇ ਵਿਚਾਰ ਕਰੇਗੀ, ਜੇਕਰ ਹਾਂ ਤਾਂ ਕਦੋਂ ਤੱਕ?

**ਨਾਭਾ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਪ੍ਰੈਸ ਕਲੱਬ ਬਣਾਉਣਾ**

191. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਾਭਾ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਪ੍ਰੈਸ ਕਲੱਬ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਬਣਾ ਦਿਤੇ ਜਾਣਗੇ?

**ਨਾਭਾ ਵਿੱਚ ਹੈਵੀ ਇੰਡਸਟਰੀ ਲਈ ਸਪੈਸ਼ਲ ਪੈਕੇਜ ਦੇਣਾ**

192. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਾਭਾ ਵਿੱਚ ਹੈਵੀ ਇੰਡਸਟਰੀ ਲਈ ਸਪੈਸ਼ਲ ਪੈਕੇਜ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਨਾਭਾ ਵਿੱਚ ਹੈਵੀ ਇੰਡਸਟਰੀ (ਜਿਵੇਂ ਕਿ ਪ੍ਰੀਤ ਕੰਬਾਇਨ ਅਤੇ ਟਰੈਕਟਰ, ਕਰਤਾਰ ਕੰਬਾਇਨ ਅਤੇ ਟਰੈਕਟਰ, ਹਿੰਦੁਸਤਾਨ ਯੂਨੀਲਿਵਰ, ਮਲਕੀਤ ਕੰਬਾਇਨ ਅਤੇ ਇੰਡੇਨ ਗੈਸ ਪਲਾਂਟ ਵਗੈਰਾ) ਨੂੰ ਪ੍ਰਫੁਲੱਤ ਕਰਨ ਲਈ ਕੋਈ ਸਪੈਸ਼ਲ ਪੈਕੇਜ ਦੇਣ ਲਈ ਕਿਸੇ ਤਜਵੀਜ ਤੇ ਵਿਚਾਰ ਕਰੇਗੀ, ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਨਾਭਾ ਆਉਣ ਜਾਣ ਵਾਲੀਆਂ ਬੱਸਾਂ ਦੇ ਟਾਈਮ ਵਿੱਚ ਸੋਧ ਕਰਨਾ ਅਤੇ ਪੇਂਡੂ ਇਲਾਕੇ ਵਿੱਚ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਵਾਉਣਾ**

193. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨਾਭਾ ਆਉਣ-ਜਾਣ ਵਾਲੀਆਂ ਬੱਸਾਂ ਦੀ ਟਾਈਮਿੰਗ (ਸਰਕਾਰੀ ਕਾਲਜ ਅਤੇ ਵੱਡੇ ਸਕੂਲਾਂ ਦੇ ਸਮੇਂ ਦੇ ਮੇਲ ਨਾਲ) ਵਿੱਚ ਸੋਧ ਕਰਨ ਅਤੇ ਪੇਂਡੂ ਇਲਾਕੇ ਵਿੱਚ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ, ਜੇਕਰ ਹਾਂ ਤਾਂ ਕਦੋਂ ਤੱਕ?

**ਅੰਮ੍ਰਿਤਸਰ ਹਲਕਾ ਪੱਛਮੀ ਵਿਖੇ ਸਬਜੀ ਮੰਡੀ ਲਈ ਜਗ੍ਹਾ ਅਲਾਟ ਕਰਨਾ**

204. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਹਲਕਾ ਵਿਖੇ ਕੋਈ ਵੀ ਪੱਕੇ ਤੋਰ ਤੇ ਸਬਜੀ ਮੰਡੀ ਉਪਲਬਧ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਇਕ ਪੱਕੀ ਸਬਜੀ ਮੰਡੀ ਲਈ ਜਗ੍ਹਾ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਭਗਵਾਨ ਵਾਲਮਿਕੀ ਰਾਮ ਤੀਰਥ ਸਥਲ ਅੰਮ੍ਰਿਤਸਰ ਦੇ ਸ਼ਰਾਇਨ ਬੋਰਡ ਵਿੱਚ ਚੀਫ ਐਗਜੈਕਟਿਵ ਅਫਸਰ ਦੀ ਨਿਯੁਕਤੀ ਕਰਨਾ**

205. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਗਵਾਨ ਵਾਲਮਿਕੀ ਰਾਮ ਤੀਰਥ ਸਥਲ ਅੰਮ੍ਰਿਤਸਰ ਦੇ ਸ਼ਰਾਇਨ ਬੋਰਡ ਦੇ ਵਿੱਚ ਚੀਫ ਐਗਜੈਕਟਿਵ ਅਫਸਰ ਸਬੰਧੀ ਨਿਯੁਕਤੀ ਕਾਫੀ ਲੰਬੇ ਸਮੇਂ ਤੋਂ ਨਹੀਂ ਕੀਤੀ ਗਈ; ਜੇਕਰ ਅਜਿਹਾ ਹੈ ਤਾਂ ਉਸ ਅਸਾਮੀ ਤੇ ਯੋਗ ਅਫਸਰ ਦੀ ਨਿਯੁਕਤੀ ਕਦੋਂ ਤੱਕ ਹੋ ਜਾਵੇਗੀ?

**ਅੰਮ੍ਰਿਤਸਰ ਦੇ ਰਿਗੋ ਬ੍ਰਿਜ ਦੀ ਮੁਰੰਮਤ ਕਰਵਾਉਣਾ**

206. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਦੇ ਬਹੁਤ ਪੁਰਾਣੇ ਪੁੱਲ ਜੋ ਕਿ ਹਲਕਾ ਪੱਛਮੀ ਅਤੇ ਹਲਕਾ ਸੈਂਟਲਰ ਨੂੰ ਜੋੜਦਾ ਹੈ ਅਤੇ ਰਿਗੋ ਬ੍ਰਿਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਦੀ ਖਸਤਾ ਹਾਲਤ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਰ ਪਹੀਆਂ ਵਾਹਨਾਂ ਦੇ ਉਸ ਪੁੱਲ ਤੋਂ ਲੰਘਣ ਤੋਂ ਰੋਕ ਲਗਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਪੁੱਲ ਨੂੰ ਠੀਕ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੀ ਮੁਰੰਮਤ ਦਾ ਕੰਮ ਕਦੋਂ ਤੱਕ ਚਾਲੂ ਹੋਵੇਗਾ?

**ਹਲਕਾ ਰਾਏਕੋਟ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ**

238. **ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਹਲਕਾ ਰਾਏਕੋਟ ਦੇ ਕਿਸਾਨਾਂ ਦਾ ਫਸਲ ਦੇ ਅੱਗ ਲਗਣ ਦਾ ਜੋ ਮੁਆਵਜ਼ਾ ਹੈ ਉਹ ਕਦੋਂ ਤੱਕ ਦਿੱਤਾ ਜਾਵੇਗਾ;

**ਅ)** ਸਾਲ 2022 ਵਿੱਚ ਵੱਖ-ਵੱਖ ਪਿੰਡਾਂ ਵਿੱਚ ਫਸਲੀ ਨੁਕਸਾਨ ਦੇ ਆਂਕੜੇ ਦਿੱਤੇ ਜਾਣ?

**ਹਲਕਾ ਰਾਏਕੋਟ ਵਿੱਚ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਦੀ ਸਪਲਾਈ ਦੇਣਾ**

239. **ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਏਕੋਟ ਵਿੱਚ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਦੀ ਸਪਲਾਈ ਕਰਨ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਯੋਜਨਾ ਕਦੋਂ ਤੱਕ ਨੇਪਰੇ ਚੜ ਜਾਵੇਗੀ?

**ਚੰਡੀਗੜ੍ਹ**
**ਮਿਤੀ 07 ਮਾਰਚ, 2023**

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

**ਨੋਟ:- ਜੇਕਰ ਕੋਈ ਪ੍ਰਸ਼ਨ ਕਿਸੇ ਦੂਜੇ ਵਿਭਾਗ ਨੂੰ ਤਬਦੀਲ ਹੁੰਦਾ ਹੈ ਤਾਂ ਉਹ ਉਸੇ ਵਿਭਾਗ ਦਾ ਹੀ ਸਮਝਿਆ ਜਾਵੇਗਾ, ਜਿਸਨੂੰ ਤਬਦੀਲ ਕੀਤਾ ਗਿਆ ਹੈ।**